Multilingual Biannual
Social Sciences Peer Reviewed Journal

# ਵਿੱਦਿਆ ਸਾਗਰ
# ਪੱਤ੍ਰਿਕਾ

ਮਈ-ਜੂਨ 2022

ਮੁੱਖ ਸੰਪਾਦਕ :
**ਡਾ. ਸੋਨਦੀਪ ਮੋਂਗਾ**


ਸੰਨੀ ਓਬਰਾਏ ਵਿਵੇਕ ਸਦਨ:
ਐਡਵਾਂਸ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼
ਸ੍ਰੀ ਅਨੰਦਪੁਰ ਸਾਹਿਬ, ਪੰਜਾਬ

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.)




## ਸੰਦੇਸ਼

ਸਾਹਿਤ ਨੂੰ ਸਮਾਜ ਦਾ ਅਕਸ ਮੰਨਿਆ ਜਾਂਦਾ ਹੈ। ਸਮਾਜਿਕ ਪਰਿਵਰਤਨ ਦਾ ਕਾਰਨ ਯੁੱਗ ਪੁਰਸ਼ ਬਣਦੇ ਹਨ ਅਤੇ ਸਾਖੀ ਸਾਹਿਤ ਬਣਦਾ ਹੈ। ਭਾਈ ਵੀਰ ਸਿੰਘ ਪੰਜਾਬ ਦੀ ਲਾਸਾਨੀ ਸ਼ਖ਼ਸੀਅਤ ਹਨ ਜਿਹਨਾਂ ਨੂੰ ਇੱਕ 'ਇਤਿਹਾਸਕ ਕਾਂਡ' ਵਜੋਂ ਸਵੀਕਾਰਿਆ ਗਿਆ ਹੈ। ਜਿਹਨਾਂ ਨੇ ਇਕ ਸੰਵੇਦਨਸ਼ੀਲ ਕਵੀ ਅਤੇ ਮਹਾਨ ਚਿੰਤਕ ਲੇਖਕ ਹੋਣ ਦੇ ਬਾਵਜੂਦ ਪੰਜਾਬ ਦੇ ਸਮਾਜਿਕ ਢਾਂਚੇ ਨੂੰ ਵਿੱਤੀ, ਵਿੱਦਿਅਕ, ਸਿਹਤ ਸਹੂਲਤਾਂ ਅਤੇ ਪ੍ਰਥਮ ਛਾਪੇਖਾਨੇ ਦੇ ਰੂਪ ਵਿੱਚ ਸੰਸਥਾਪਕ ਨਿਰਮਾਣ ਦਿੱਤਾ ਅਤੇ ਸਿੱਖਿਅਤ ਅਤੇ ਸਭਿਅ ਅੰਗਰੇਜ਼ ਕੌਮ ਦਾ ਟਾਕਰਾ ਕਰਨ ਲਈ ਪੰਜਾਬੀ ਸਮਾਜ ਨੂੰ ਵਿਵੇਕਪੂਰਨ ਜਾਗ੍ਰਿਤੀ ਦਿੱਤੀ। ਮੈਂ ਵਿੱਦਿਆ ਸਾਗਰ ਪੱਤ੍ਰਿਕਾ ਦੇ ਇਸ ਨਿਵੇਕਲੇ ਅੰਕ ਨੂੰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ 150 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਕਰਦੇ ਹੋਏ ਸਮੁੱਚੇ ਲੇਖਕ ਜਗਤ ਅਤੇ ਪਾਠਕਾਂ ਨੂੰ ਇਸ ਮੌਕੇ ਉਹਨਾਂ ਦੀ ਅਕਾਦਮਿਕ ਅਤੇ ਸੰਸਥਾਪਕ ਵਿਰਾਸਤ ਨੂੰ ਸੰਭਾਲਣ ਦਾ ਸੱਦਾ ਦਿੰਦਾ ਹਾਂ।

**ਪ੍ਰੋ. (ਡਾ.) ਐਸ.ਪੀ. ਸਿੰਘ ਓਬਰਾਏ**
ਮੈਨੇਜਿੰਗ ਟਰੱਸਟੀ
ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.)

## ਸੰਦੇਸ਼



ਗੁਰੂ ਸਾਹਿਬਾਨਾਂ ਦੀ ਪਾਈ ਹੋਈ ਅਕਾਦਮਿਕ ਪਿਰਤ ਨੂੰ ਅੱਗੇ ਤੋਰਦਿਆਂ ਜਿਥੇ ਅਸੀਂ ਆਪਣੇ ਵਿਰਸੇ ਦੀ ਸੰਭਾਲ ਲਈ ਹੰਭਲਾ ਮਾਰਦੇ ਹਾਂ ਨਾਲ ਹੀ ਸਮਾਜਿਕ ਸੁਚੇਤਨਾ ਦਾ ਟੀਚਾ ਵੀ ਸਰ ਕਰਦੇ ਹਾਂ। ਮੈਂ ਸੰਨੀ ਓਬਰਾਏ ਵਿਵੇਕ ਸਦਨ : ਐਡਵਾਂਸ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼ ਸ੍ਰੀ ਅਨੰਦਪੁਰ ਸਾਹਿਬ ਤੋਂ ਪ੍ਰਕਾਸ਼ਿਤ ਹੋਣ ਵਾਲੀ ਛਿਮਾਹੀ ਖੋਜ ਪੱਤ੍ਰਿਕਾ ਵਿੱਦਿਆ ਸਾਗਰ ਪੱਤ੍ਰਿਕਾ ਦੇ ਇਸ ਅੰਕ ਵਿੱਚ ਵਿਚਾਰ ਵਿਅਕਤ ਕਰਨ ਵਾਲੇ ਸਾਰੇ ਵਿਦਵਾਨਾਂ, ਖੋਜਾਰਥੀਆਂ ਅਤੇ ਅਕਾਦਮਿਕ ਖੇਤਰ ਨਾਲ ਜੁੜੀਆਂ ਹੋਈਆਂ ਮਾਣਮੱਤੀਆਂ ਸ਼ਖ਼ਸੀਅਤਾਂ ਨੂੰ ਮੁਬਾਰਕ ਪੇਸ਼ ਕਰਦੀ ਹਾਂ।

**ਸ਼੍ਰੀਮਤੀ ਇੰਦਰਜੀਤ ਕੌਰ ਗਿੱਲ**
ਡਾਇਰੈਕਟਰ ਸਿੱਖਿਆ
ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.)

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.)





## ਸੰਪਾਦਕੀ

ਮਨੁੱਖੀ ਆਪਾ ਇੱਕ ਖਾਕਾ ਹੁੰਦਾ ਹੈ। ਉਸ ਵਿੱਚ ਨਿੱਜਤਵ ਦੇ ਰੰਗ ਭਰਨਾ ਤੇ ਉਸ ਦੇ ਬਾਹਰਵਰਤੀ ਪਸਾਰੇ ਪ੍ਰਤੀ ਹਾਸ਼ੀਆ ਤਹਿ ਕਰਨਾ ਸ਼ਖ਼ਸ ਦੇ ਆਪਣੇ ਹੀ ਯਤਨ ਹੁੰਦੇ ਹਨ, ਜੋ ਕਿ ਸ਼ਖ਼ਸੀ ਗੁਣ ਕਹਿਲਾਉਂਦੇ ਹਨ। ਮਨੁੱਖੀ ਵਿਸ਼ੇਸ਼ਤਾਈਆਂ, ਗੁਣਾਂ ਦੀ ਤਰਤੀਬ ਤੇ ਵਰਗੀਕਰਨ ਦਾ ਬਿਆਨ ਹੋਵੇ ਤਾਂ ਬਹੁਤ ਸਾਰੀਆਂ ਮਾਨਵੀ ਖ਼ੂਬੀਆਂ ਜਿਵੇਂ ਕਲਪਨਾ, ਸ਼ਕਤੀ, ਕਲਾਤਮਕਤਾ, ਸੁਹਜ, ਬੁੱਧੀ, ਬਲ, ਸੰਵੇਦਨਸ਼ੀਲਤਾ ਕੁਦਰਤੀ ਰੂਪ ਵਿੱਚ ਸੁਭਾਇਮਾਨ ਨਜ਼ਰ ਆਉਂਦੀਆਂ ਹਨ, ਪਰ ਇਹਨਾਂ ਵਿੱਚ ਮਨੁੱਖ ਦੇ ਆਪਣੇ ਹਾਵ-ਭਾਵ ਤੇ ਉਪਰਾਲੇ ਵੀ ਸ਼ਾਮਲ ਹੁੰਦੇ ਹਨ, ਜਿਵੇਂ ਚਿੰਤਨ, ਸਿਰਜਣਾਤਮਕ ਰੁਚੀ, ਨਿਡਰਤਾ, ਨਿਰਭੈਤਾ, ਵਿਵੇਕਸ਼ੀਲਤਾ, ਯਤਨਸ਼ੀਲਤਾ, ਪਰਉਪਕਾਰ, ਵਿਹਾਰਕਤਾ ਅਤੇ ਸਮਾਜਿਕਤਾ ਇਹਨਾਂ ਗੁਣਾਂ ਅਨੁਸਾਰ ਕਰਮ ਅਤੇ ਇਨ੍ਹਾਂ ਦਾ ਨਿਖੜਵਾਂਪਣ ਮਨੁੱਖ ਦੇ ਆਪਣੇ ਨਿੱਜੀ ਯਤਨ ਹੁੰਦੇ ਹਨ। ਇਨ੍ਹਾਂ ਯਤਨਾਂ ਸਦਕਾ ਹੀ ਇਹ ਮਨੁੱਖੀ ਵਿਸ਼ੇਸ਼ਤਾਈਆਂ ਦੇ ਤੌਰ ਤੇ ਉਸ ਦੀ ਸ਼ਖ਼ਸੀਅਤ ਦੇ ਪਹਿਚਾਣ ਤੱਤ ਬਣਦੇ ਹਨ। ਇਸ ਤੋਂ ਮਨੁੱਖੀ ਵਿਲੱਖਣਤਾ, ਸੂਝਵਾਨਤਾ, ਸੰਵੇਦਨਸ਼ੀਲਤਾ ਉਜਾਗਰ ਹੁੰਦੀ ਹੈ। ਇਹੀ ਸਥਿਤੀ ਅੱਗੋਂ ਹਰ ਤਰ੍ਹਾਂ ਦੀਆਂ ਕਲਾਵਾਂ ਤੇ ਮਾਨਵਵਾਦੀ ਦ੍ਰਿਸ਼ਟੀਕੋਣ ਦੀ ਜਨਮਦਾਤੀ ਬਣਦੀ ਹੈ। ਸਮੇਂ ਸਥਾਨ ਤੇ ਮਾਹੌਲ ਦੇ ਅਸਰ ਸ਼ਖ਼ਸੀਅਤ ਦੇ ਪ੍ਰਗਟਾਵੇ ਵਿਚੋਂ ਭਲੀ ਭਾਂਤ ਪਛਾਣੇ ਜਾ ਸਕਦੇ ਹਨ। ਸਮਕਾਲੀ ਸਥਿਤੀਆਂ ਕਿਸੇ ਸਖ਼ਸ  ਦਾ ਵਿਅਕਤੀਗਤ ਪ੍ਰਤਿਕਰਮ ਵੰਗਾਰਾਂ ਨੂੰ ਮੁਖਾਤਬ ਹੋਣ ਦੀ ਸਮਰੱਥਾ ਅਤੇ ਪਾਰ ਲੰਘਣ ਲਈ ਲੋੜੀਂਦੀ ਯੋਗਤਾ ਸਹਿਤ ਕੀਤੇ ਉਪਰਾਲੇ ਉਸ ਸ਼ਖ਼ਸ ਨੂੰ ਪ੍ਰਭਾਵਸ਼ਾਲੀ ਸਿੱਧ ਕਰਦੇ ਹਨ। ਇਸ ਤਰ੍ਹਾਂ ਦੀਆਂ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਹੀ ਇਤਿਹਾਸ ਤੇ ਪਰੰਪਰਾ ਵਿੱਚ ਯੁੱਗ ਪਲਟਾਉ ਪ੍ਰਤਿਭਾਵਾਂ ਵਜੋਂ ਦਰਜ ਹੁੰਦੀਆ ਹਨ ਤੇ ਭਵਿੱਖ ਦਾ ਉਸਾਰੂ ਪ੍ਰੇਰਣਾਸ੍ਰੋਤ ਬਣਦੀਆਂ ਹਨ। ਭਾਈ ਵੀਰ ਸਿੰਘ ਵੀ ਇਸ ਤਰ੍ਹਾਂ ਦੀ ਬਹੁਮੁਖੀ ਸ਼ਖ਼ਸੀਅਤ ਸਨ।ਆਪ ਉੱਘੇ ਧਰਮ ਚਿੰਤਕ, ਮਹਾਨ ਵਿਦਵਾਨ, ਸ਼੍ਰੋਮਣੀ ਸਾਹਿਤਕਾਰ ਅਤੇ ਸਰਗਰਮ ਸਮਾਜ ਸੁਧਾਰਕ ਸਨ। ਉਸ ਇੱਕਲੇ ਵਿਅਕਤੀਤਵ ਨੇ ਮਿਸ਼ਨਰੀ ਸੰਸਥਾ ਵਾਂਗ ਅੰਗਰੇਜ਼ ਕੌਮ ਦਾ ਟਾਕਰਾ ਕੀਤਾ ਅਤੇ ਪੰਜਾਬ ਵਿੱਚ ਸਾਹਿਤ ਰਚਨਾ ਤੋਂ ਇਲਾਵਾ ਨਵ ਸੱਭਿਆਚਾਰਕ ਕ੍ਰਾਂਤੀਕਾਰੀ ਕਦਮਾਂ ਦੇ ਨਾਲ ਸੰਸਥਾਪਕ ਢਾਂਚਾ ਦਿੱਤਾ। ਇਹ ਇੱਕ ਵਿਸ਼ੇਸ ਸ਼ਖ਼ਸੀ ਢਾਂਚਾ ਸੀ ਜੋ ਹਰ ਦੂਸਰੇ ਸ਼ਖ਼ਸ ਤੇ ਵੀ ਉਨਾ ਹੀ ਪ੍ਰਭਾਵ ਸਿਰਜਦਾ ਸੀ। ਕਰਤਾਰ ਸਿੰਘ ਦੁੱਗਲ ਉਹਨਾਂ ਬਾਰੇ ਖ਼ੂਬ ਲਿਖਦੇ ਹਨ: 'ਪਹਿਲਾ ਖਿਆਲ ਜਿਹੜਾ ਭਾਈ ਸਾਹਿਬ ਦੇ ਦਰਸ਼ਨ ਕਰਕੇ ਮੇਰੇ ਮਨ ਵਿੱਚ ਆਇਆ ਉਹ ਇਕ ਸ਼ਾਂਤ ਅਡੋਲ ਝੀਲ ਦਾ ਸੀ, ਜਿਹੜੀ ਆਪਣੇ ਅੰਦਰ ਦੇ ਉਮਾਹ ਕਰਕੇ ਭਰੀ ਰਹਿੰਦੀ ਹੈ ਅਤੇ ਜਿਸ ਦੇ ਨਿੱਤ ਨਵੇਂ ਪਾਣੀ ਦੀ ਸਵੱਛਤਾ, ਸ਼ੀਤਲਤਾ ਅਤੇ ਖਾਮੋਸ਼ੀ ਇਕ ਸਰੂਰ ਜਿਹਾ, ਇਕ ਸੰਗੀਤ ਜਿਹਾ ਜਿਵੇਂ ਪੈਦਾ ਕਰ ਰਹੀ ਹੋਵੇ।ਉਮਰ ਭਰ ਦੀ ਸਾਦਗੀ, ਉਮਰ ਭਰ ਦੀ ਸ਼ਾਂਤੀ, ਉਮਰ ਭਰ ਦੀ ਸ਼ਰਾਫਤ, ਇਕ ਅਕਹਿ ਸੁਹੱਪਣ ਬਣ ਕੇ ਉਨ੍ਹਾਂ ਦੇ ਚਿਹਰੇ ਤੇ ਮੂਰਤੀਮਾਨ ਸੀ ਕਿਵੇਂ ਕਿਸੇ ਨੇ ਉਮਰ ਭਰ ਕਿਸੇ ਨੂੰ ਚਾਹਿਆ ਹੋਵੇ ਅਤੇ ਉਹਦਾ ਮਹਿਬੂਬ ਉਸ ਨੂੰ ਮਿਲ ਪਿਆ ਹੋਵੇ, ਉਹਦੇ ਕੋਲ, ਉਹਦੇ ਅੰਗ-ਸੰਗ ਰਹਿਣ ਲੱਗ ਪਵੇ, ਇਸ ਤਰ੍ਹਾਂ ਦਾ ਇੱਕ ਸੁਹੱਪਣ ਜਿਵੇਂ ਕਿਸੇ ਨੇ ਉਮਰ ਭਰ ਢੂੰਡ ਕੀਤੀ ਹੋਵੇ ਅਤੇ ਉਸ ਨੂੰ ਸਾਫ ਰਾਹ ਲੱਭ ਪਵੇ, ਜਿਸ ਤੇ ਉਹ ਰਵਾਂ ਰਵੀਂ ਤੁਰ ਪਏ, ਮੰਜਲੇ ਮਕਸੂਦ ਸਾਹਮਣੇ ਅੱਖੀਆਂ ਦੇ ਵਿਖਾਈ ਦਿੰਦੀ ਹੋਵੇ, ਜਿਵੇਂ ਕੋਈ ਉਮਰ ਭਰ ਮੈਲ ਤੋਂ ਬਚਿਆ ਹੋਵੇ ਅਤੇ ਨਿਰਮਲਤਾ ਉਹਦੇ ਸੁਭਾਅ ਦਾ ਅੰਗ ਬਣ ਜਾਵੇ।' 'ਵਿੱਦਿਆ ਸਾਗਰ ਪੱਤ੍ਰਿਕਾ' ਸਮਾਜ ਵਿਗਿਆਨਕ ਮਾਹਰ ਸਮੀਖਿਆ ਪੱਤ੍ਰਿਕਾ ਦੀ ਇਸ ਪ੍ਰਕਾਸ਼ਨਾ ਨੂੰ ਅਨੰਦਪੁਰੀ ਦੀ ਧਰਤਿ ਤੋਂ ਅਸੀਂ ਭਾਈ ਸਾਹਿਬ ਭਾਈ ਵੀਰ ਸਿੰਘ ਦੀ 150 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਕਰਦੇ ਹੋਏ ਮਾਣਮਹੱਤ ਮਹਿਸੂਸ ਕਰਦੇ ਹਾਂ। ਸ਼ਾਲਾ ਇਹ ਪਿਉਂਦ ਵਿਦਵਾਨਾਂ ਖੋਜਾਰਥੀਆਂ ਦੇ ਸਾਹਵੇਂ ਵਿਗਸ ਜਾਵੇ।

**ਡਾ. ਸੋਨਦੀਪ ਮੋਂਗਾ**
ਪ੍ਰੋਫੈਸਰ ਅਤੇ ਮੁਖੀ
ਸੰਨੀ ਓਬਰਾਏ ਵਿਵੇਕ ਸਦਨ :
ਐਡਵਾਂਸ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਜ਼
ਸ੍ਰੀ ਅਨੰਦਪੁਰ ਸਾਹਿਬ